# ਕੌਂਟਰਾ ਕੋਸਟਾ ਕਾਊਂਟੀ

ਕਾਊਂਟੀ ਐਡਮਿਨਿਸਟ੍ਰੇਟਰ ਦਾ ਦਫਤਰ • 1025 ਐਸਕੋਬਾਰ ਸਟ੍ਰੀਟ (1025 Escobar Street) • ਮਾਰਟੀਨੇਜ਼ , CA 94553 (Martinez, CA 94553) • www.contracosta.ca.gov


**ਜਾਰੀ ਖਬਰਾਂ**

26 ਅਪ੍ਰੈਲ, 2023


ਸੰਪਰਕ: ਕ੍ਰਿਸਟੀ ਜੌਰਡਨ, 925-313-1183

Kristi.Jourdan@contracostatv.org


## ਸੁਪਰਵਾਈਜ਼ਰਾਂ ਦਾ ਬੋਰਡ 9 ਮਈ ਨੂੰ ਏਸ਼ੀਆਈ ਅਮਰੀਕੀ, ਮੂਲ ਹਵਾਈਅਨ, ਅਤੇ ਪੈਸੀਫਿਕ ਆਈਲੈਂਡਰ ਜਸ਼ਨ ਦੀ ਮੇਜ਼ਬਾਨੀ ਕਰੇਗਾ

(ਮਾਰਟੀਨੇਜ਼, ਸੀਏ) – ਕੌਂਟਰਾ ਕੋਸਟਾ ਕਾਊਂਟੀ ਬੋਰਡ ਆਫ ਸੁਪਰਵਾਈਜ਼ਰਜ਼ **9 ਮਈ ਦਿਨ ਮੰਗਲਵਾਰ ਨੂੰ ਸਵੇਰੇ 9:30 ਵਜੇ** ਆਪਣੀ ਰੈਗੂਲਰ ਮੀਟਿੰਗ ਵਿਖੇ ਇੱਕ ਸਮਾਰੋਹ ਦੌਰਾਨ ਏਸ਼ੀਆਈ ਅਮਰੀਕੀ, ਮੂਲ ਹਵਾਈਅਨ, ਅਤੇ ਪੈਸੀਫਿਕ ਆਈਲੈਂਡਰ (AANHPHI) ਸੱਭਿਆਚਾਰਾਂ ਅਤੇ ਰਵਾਇਤਾਂ ਦਾ ਜਸ਼ਨ ਮਨਾਏਗਾ। ਇਸ ਸਾਲ ਦਾ ਥੀਮ ਹੈ "ਸਾਡੇ ਵਿਰਸੇ, ਮੁੜ ਉੱਠ ਖੜੇ ਹੋਣ ਦੇ ਗੁਣ ਅਤੇ ਵਿਰਾਸਤ ਨੂੰ ਉੱਚਾ ਚੁੱਕਦੇ ਹੋਏ।"

ਬੋਰਡ ਦੇ ਮੁਖੀ ਸੁਪਰਵਾਈਜ਼ਰ ਜੌਹਨ ਜਿਓਈਆ ਨੇ ਕਿਹਾ, "ਸਾਡੀ ਕਾਊਂਟੀ ਦਾ ਢਾਂਚਾ ਏਸ਼ੀਆਈ ਅਮਰੀਕੀ, ਮੂਲ ਹਵਾਈਅਨ, ਅਤੇ ਪੈਸੀਫਿਕ ਆਈਲੈਂਡਰ ਭਾਈਚਾਰਿਆਂ ਦੇ ਸੱਭਿਆਚਾਰਾਂ, ਭਾਸ਼ਾਵਾਂ, ਭੋਜਨ, ਅਤੇ ਰਵਾਇਤਾਂ ਨਾਲ ਬੁਣਿਆ ਗਿਆ ਹੈ"। "ਏਸ਼ੀਆਈ-ਵਿਰੋਧੀ ਨਫ਼ਰਤ ਵਿੱਚ ਵਾਧੇ ਦੇ ਮੱਦੇਨਜ਼ਰ, ਅਸੀਂ AANHPI ਭਾਈਚਾਰੇ ਦੇ ਮੈਂਬਰਾਂ ਦੇ ਖਿਲਾਫ ਕੀਤੀ ਗਈ ਕਿਸੇ ਵੀ ਹਿੰਸਾ ਦੀ ਨਿੰਦਾ ਕਰਦੇ ਹਾਂ ਅਤੇ ਆਪਣੇ ਗੁਆਂਢੀਆਂ ਨਾਲ ਇੱਕਜੁਟਤਾ ਨਾਲ ਖੜ੍ਹੇ ਹਾਂ।"

AANHPI ਦੇ ਜਸ਼ਨ ਵਿੱਚ ਮਹਿਮਾਨ ਬੁਲਾਰੇ ਵਜੋਂ ਸ਼ਾਮਲ ਹੋਣਗੇ, ਐਂਡੀ ਲੀ, ਜਿੰਨਾਂ ਨੇ ਬੇਅ ਏਰੀਆ ਵਿੱਚ ਏਸ਼ੀਆਈ ਪੈਸੀਫਿਕ ਆਈਲੈਂਡਰ ਪਬਲਿਕ ਅਫੇਅਰਜ਼ ਐਸੋਸੀਏਸ਼ਨ ਦੇ ਟ੍ਰਾਈ-ਵੈਲੀ ਚੈਪਟਰ ਦੀ ਸਥਾਪਨਾ ਕੀਤੀ ਅਤੇ ਇਸਦੇ ਚੈਪਟਰ ਪ੍ਰੈਜ਼ੀਡੈਂਟ ਵਜੋਂ ਸੇਵਾ ਨਿਭਾਈ। ਗੈਰ-ਮੁਨਾਫਾ ਸੰਗਠਨਾਂ ਅਤੇ ਸਰਕਾਰ ਵੱਲੋਂ ਨਿਯੁਕਤ ਅਹੁਦਿਆਂ 'ਤੇ ਸਾਲਾਂ ਦੀ ਸੇਵਾ ਤੋਂ ਬਾਅਦ, ਐਂਡੀ ਨੂੰ 2018 ਵਿੱਚ ਕੌਂਟਰਾ ਕੋਸਟਾ ਕਮਿਊਨਿਟੀ ਕਾਲਜ ਡਿਸਟ੍ਰਿਕਟ ਗਵਰਨਿੰਗ ਬੋਰਡ ਲਈ ਚੁਣਿਆ ਗਿਆ ਸੀ ਅਤੇ 2021 ਵਿੱਚ ਬੋਰਡ ਪ੍ਰਧਾਨ ਵਜੋਂ ਚੁਣਿਆ ਗਿਆ ਸੀ।

ਇਹ ਜਸ਼ਨ, ਨੇਪਾਲੀ, ਕੋਰੀਆਈ, ਫਿਲੀਪੀਨੋ, ਚੀਨੀ, ਵੀਅਤਨਾਮੀ, ਕੰਬੋਡੀਆਈ, ਲਾਓ, ਥਾਈ, ਅਤੇ ਬਰਮੀ ਭਾਈਚਾਰਿਆਂ ਸਮੇਤ ਕੌਂਟਰਾ ਕੋਸਟਾ ਕਾਉਂਟੀ ਵਿੱਚ ਨੁਮਾਇੰਦਗੀ ਕਰਨ ਵਾਲੇ ਕੁਝ ਏਸ਼ੀਆਈ ਅਤੇ ਪੈਸੀਫਿਕ ਆਈਲੈਂਡਰ ਭਾਈਚਾਰਿਆਂ ਦੇ ਡਾਂਸ, ਸੰਗੀਤ, ਭੋਜਨ ਅਤੇ ਵਿਲੱਖਣ ਰੀਤੀ-ਰਿਵਾਜਾਂ ਨੂੰ ਪ੍ਰਦਰਸ਼ਿਤ ਕਰੇਗਾ। ਇਹ ਬਹੁ-ਸੱਭਿਆਚਾਰਕ ਜਸ਼ਨ ਕਾਉਂਟੀ ਦੀ ਵੈੱਬਸਾਈਟ 'ਤੇ ਮੌਕੇ 'ਤੇ ਅਨੁਵਾਦ ਦੇ ਨਾਲ ਜ਼ੂਮ ਰਾਹੀਂ ਰਾਹੀਂ ਅੱਠ ਭਾਸ਼ਾਵਾਂ: ਟੈਗਾਲੋਗ, ਮੈਂਡੇਰਿਨ, ਕੈਂਟੋਨੀਜ਼, ਨੇਪਾਲੀ, ਪੰਜਾਬੀ, ਕੋਰੀਆਈ, ਸਪੇਨੀ, ਅਤੇ ਅਮਰੀਕੀ ਸਾਈਨ ਭਾਸ਼ਾ (ASL) ਵਿੱਚ ਕੀਤਾ ਜਾਵੇਗਾ।

ਭਾਈਚਾਰਾ www.contracosta.ca.gov/6086 ਜਾਂ www.contracostatv.org 'ਤੇ ਇਸ ਸਮਾਗਮ ਨੂੰ ਆਨਲਾਈਨ ਲਾਈਵ ਦੇਖ ਸਕਦਾ ਹੈ। ਇਹ ਜਸ਼ਨ ਕੌਂਟਰਾ ਕੋਸਟਾ ਟੈਲੀਵਿਜ਼ਨ (CCTV) ਚੈਨਲਾਂ 'ਤੇ ਦੇਖੋ: AT&T U-Verse 99, Comcast 27, ਜਾਂ Astound 32 ਅਤੇ 1027 'ਤੇ ਵੀ ਲਾਈਵ ਦਿਖਾਇਆ ਜਾਵੇਗਾ। ਟੈਲੀਵਿਜ਼ਨ ਦਰਸ਼ਕ ਮੈਂਡੇਰਿਨ ਵਿਆਖਿਆ ਸੁਣਨ ਲਈ SAP ਨੂੰ ਸਮਰੱਥ ਕਰ ਸਕਦੇ ਹਨ। ਏਸ਼ੀਆਈ ਅਮਰੀਕੀ, ਮੂਲ ਹਵਾਈਅਨ, ਅਤੇ ਪੈਸੀਫਿਕ ਆਈਲੈਂਡਰ (AANHPI) ਜਸ਼ਨ ਬਾਰੇ ਹੋਰ ਜਾਣੋ।

###